Weekly

CANADA SIKH TIMES

16 - 22 November 2025

ਕੈਨੇਡਾ ਸਿੱਖ ਟਾਈਮਜ਼

Volume 3 Issue 46

• RELIGION • CULTURE • HERITAGE • BUSINESS

ਕੈਨੇਡਾ ਪੋਸਟ ਵੱਲੋਂ ਸਿੱਖ ਸੈਨਿਕ ਬੁੱਕਮ ਸਿੰਘ ਦੇ ਸਨਮਾਨ ਵਿੱਚ ਇਤਿਹਾਸਕ ਡਾਕ-ਟਿਕਟ ਜਾਰੀ

ਇਸ ਸਾਲ ਦਾ ਰਿਮੈਂਬਰੈਂਸ ਡੇ ਸਿਰਫ਼ ਇਤਿਹਾਸ ਨੂੰ ਯਾਦ ਕਰਨ ਦਾ ਮੌਕਾ ਨਹੀਂ, ਸਗੋਂ ਕੈਨੇਡਾ ਵਿੱਚ ਸਿੱਖ ਸਮੁਦਾਇ ਲਈ ਇੱਕ ਖ਼ਾਸ ਪਲ ਵੀ ਬਣ ਗਿਆ ਹੈ। ਕੈਨੇਡਾ ਪੋਸਟ ਨੇ 2 ਨਵੰਬਰ ਨੂੰ ਪਹਿਲੀ ਵਾਰ ਕੈਨੇਡੀਅਨ ਸਿੱਖ ਸੈਨਿਕਾਂ ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਡਾਕ-ਟਿਕਟ ਜਾਰੀ ਕੀਤੀ। ਸਿੱਖ ਸੈਨਿਕਾਂ ਦੀ ਕੈਨੇਡੀਆਈ ਫ਼ੌਜ ਵਿੱਚ ਭਾਗੀਦਾਰੀ ਲਗਭਗ 90 ਸਾਲਾਂ ਤੱਕ ਅਣਜਾਣ ਰਹੀ, ਜੋ ਸਿਰਫ਼ ਬੁੱਕਮ ਸਿੰਘ ਦੀ ਕਬਰ 2000 ਦੇ ਦਹਾਕੇ ਵਿੱਚ ਮਿਲਣ ਤੋਂ ਬਾਅਦ ਸਾਹਮਣੇ ਆਈ। ਕੈਨੇਡਾ ਪੋਸਟ ਦੇ ਮੁਤਾਬਕ, ਉਸ ਸਮੇਂ ਨਸਲੀ ਭੇਦਭਾਵ ਨੇ ਕਈ ਸਿੱਖਾਂ ਨੂੰ ਭਰਤੀ ਹੋਣ ਤੋਂ ਰੋਕਿਆ। ਕੇਵਲ 10 ਸਿੱਖ ਸੈਨਿਕਾਂ ਨੇ ਇਹ ਰੁਕਾਵਟ ਤੋੜੀ ਅਤੇ ਪਹਿਲੇ ਵਿਸ਼ਵ ਯੁੱਧ ਵਿੱਚ ਸੇਵਾ ਦੀ। ਬੁੱਕਮ ਸਿੰਘ ਉਹਨਾਂ ਵਿੱਚੋਂ ਸਭ ਤੋਂ ਨੌਜਵਾਨ ਸੈਨਿਕ ਸੀ, ਅਤੇ ਉਸਦੀ ਕਬਰਓਜੋ ਕਿ ਕਿਚਨਰ ਦੇ ਮਾਊਂਟ ਹੋਪ ਕਬਰਸਤਾਨ ਵਿੱਚ ਹੈਓਅੱਜ ਵੀ ਇੱਕੋ ਜਾਣਿਆ ਮਿਲਟਰੀ ਸਮਾਧੀ ਹੈ। ਇਹ ਨਵੀਂ ਡਾਕ-ਟਿਕਟ ਪੰਜਾਬੀ-ਕੈਨੇਡੀਅਨ ਕਲਾਕਾਰ ਪਰਮ ਸਿੰਘ ਨੇ ਤਿਆਰ ਕੀਤੀ ਹੈ। ਇਹ ਸਮਾਰੋਹ ਇਸ ਲਈ ਬਹੁਤ ਮਹੱਤਵਪੂਰਣ ਹੈ ਕਿਉਂਕਿ ਕੈਨੇਡਾ ਦੀ ਯੁੱਧਾਂ ਵਿੱਚ ਭੂਮਿਕਾ ਘੱਟ ਗਿਣਤੀ ਸਮੂਹਾਂ ਦੇ ਯੋਗਦਾ 'ਤੇ ਨਿਰਭਰ ਸੀ, ਉਹਨਾਂ ਵਿੱਚੋਂ ਇੱਕ ਸਿੱਖ ਭਾਈਚਾਰਾ ਸੀ।"

Guru Tegh Bahadur Sahib's Martyrdom: A Blueprint for Fearless and Peaceful Society

Guru Tegh Bahadur Sahib's martyrdom left a lasting impact on humanity, inspiring courage rooted in compassion. He demonstrated that true freedom requires fearlessness and a spirit free from enmity. His sacrifice was not for one community but for the dignity of all. Today's world, troubled by conflict and intolerance, needs the qualities he lived—nirbhau (fearless) and nirvair (without hatred). A society shaped by these values can rise above ego, protect the weak, and work for genuine peace. Guru Tegh Bahadur's legacy continues to guide the world toward harmony, justice, and universal human rights.

- Chief Editor

The Sikh Review Announces Updated Subscription Rates

The Sikh Review, one of the longest-running monthly journals on Sikh theology, history and contemporary issues, has released its updated subscription rates for readers in India and abroad. The revised structure covers both hard copy and electronic versions, offering multiple duration options ranging from one to fifteen years.

For subscribers in India, the annual hard copy plus electronic version is

priced at Rs 500, while longer plans offer progressive savings — Rs 970 for two years, Rs 1,400 for three years, Rs 2,250 for five years, Rs 4,400 for ten years and Rs 6,600 for fifteen years. The electronic-only subscription remains unchanged, starting at Rs 200 for one year and going up to Rs 2,600 for fifteen years.

The journal has clarified that payments via cheque or demand draft must be made in favour of The Sikh Cultural Centre, not The Sikh Review, (Continued on page 2)

DESH VIDESH

ਗੁਰੂ ਨਾਨਕ ਸਾਹਿਬ ਜੀ ਦਾ ਇਤਿਹਾਸ ਤੇ ਪ੍ਰਚਾਰ ਦੌਰੇ - 2

- ਮਮਤਾ ਕੌਰ, ਹਾਜ਼ੀਬਰਗ, ਝਾਰਖੰਡ

ਗੁਰੂ ਨਾਨਕ ਸਾਹਿਬ ਜੀ ਆਪਣੀ ਪਹਿਲੀ ਉਦਾਸੀ ਦੇ ਅਖੀਰ ਤੇ ਜਨਵਰੀ 1516 ਵਿਖੇ ਰਾਵੀ ਦਰਿਆ ਦੇ ਕਿਨਾਰੇ ਕਰਤਾਰਪੁਰ ਨਗਰ ਵਸਾਇਆ ਸੀ। ਜੀਵਨ ਦੇ ਆਖਰੀ 18 ਸਾਲ ਇਥੇ ਹੀ ਗੁਜ਼ਾਰੇ ਨਗਰ ਦੀ ਧਰਮਸ਼ਾਲਾ (ਗੁਰਦੁਆਰੇ) ਵਿੱਚ ਸਵੇਰੇ-ਸ਼ਾਮ ਸੰਗਤਾਂ ਨੂੰ ਉਪਦੇਸ਼ ਦਿੰਦੇ, ਕੀਰਤਨ ਕਰਦੇ ਤੇ ਸਿੱਖ ਧਰਮ ਬਾਰੇ ਲੋਕਾਂ ਨੂੰ ਦੱਸਦੇ। ਦਿਨ ਵੇਲੇ ਖੇਤਾਂ ਵਿੱਚ ਜਾ ਕੇ ਕਿਰਤ-ਕਾਰ ਕਰਦੇ। ਬਟਾਲੇ*ਦੇ ਕੋਲ ਅੱਚਲ ਵਿਖੇ ਯੋਗੀਆਂ ਨਾਲ ਚਰਚਾ ਕੀਤੀ ਸੀ ਅਤੇ *ਪਿੰਡ ਰਮਦਾਸ ਵਿਖੇ ਬਾਲਕ ਬੂੜਾ ਜੀ ਨਾਲ ਮੇਲ ਹੋਇਆ ਸੀ , ਜੋ ਬਾਬਾ ਬੁੱਢਾ ਜੀ ਕਰਕੇ ਪ੍ਰਸਿੱਧ ਹੋਏ। ਇਥੇ ਕਰਤਾਰਪੁਰ ਹੀ ਗੁਰੂ ਜੀ ਨੇ ਆਸਾ ਕੀ ਵਾਰ, ਜਪ ਜੀ ਓਅੰਕਾਰ , ਤੁਖਾਰੀ ਰਾਗ ਦਾ ਬਾਰਹਮਾਹਾ ਅਤੇ ਸਿਧ ਗੋਸਟ ਆਦਿ ਬਾਣੀਆਂ ਦੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਉਨੀਂ ਰਾਗਾਂ ਵਿੱਚ ਦਰਜ ਹੈ। ਉਦਾਸੀਆਂ ਦੌਰਾਨ ਗੁਰੂ ਸਾਹਿਬ ਜੀ ਨੇ 15 ਭਗਤਾਂ ਦੀ ਬਾਣੀ ਇਕੱਤਰ ਕੀਤੀ। ਕਰਤਾਰਪੁਰ ਵਿਖੇ ਭਾਈ ਲਹਿਣਾ ਜੀ ਸ਼ਰਨ ਵਿੱਚ ਆਏ। ਸੰਨ 1539 ਗੁਰੂ ਅੰਗਦ ਸਾਹਿਬ ਜੀ ਨੂੰ ਗੁਰਗੱਦੀ ਬਖਸ਼ੀ। ਗੁਰੂ ਜੀ ਕਹਿੰਦੇ ਹਨ ਕਿ ਰਾਜ- ਗੱਦੀ ਉੱਤੇ ਬੈਠਣ ਦਾ ਉਸਨੂੰ ਅਧਿਕਾਰ ਹੈ ਜਿਹੜਾ ਇਸਦੇ ਯੋਗ ਹੋਵੇ ਭਾਵ ਨਿਆਂਕਾਰੀ ਅਤੇ ਲੋਕਾਂ ਹਿਤਾਂ ਵਾਲਾ ਰਾਜ ਚਲਾ ਸਕਦਾ ਹੋਵੇ: ਤੁਖਤਿ ਬਹੇ ਤਖਤੈ ਕੀ ਲਾਇਕ॥ ਮਾਰੂ ਮਹਲਾ ੧, ਅੰਕ -1039।

ਸਤੰਬਰ 1539 ਵਿੱਚ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਉਪਮਾ ਕਰਦੇ ਹੋਏ ਸੀ: ਐਚ: ਪੇਨ: ਲਿਖਦਾ ਹੈ ਕਿ- ਗੁਰੂ ਨਾਨਕ ਸਾਹਿਬ ਜੀ ਨੇ ਉਹ ਗੱਲ ਸਮਝ ਲਈ ਸੀ ਜਹਿੜੀ ਦੂਜੇ ਸੁਧਾਰਕਾਂ ਨੇ ਨਹੀਂ ਸਮਝੀ ਸੀ। ਗੱਲ ਇਹ ਹੈ ਕਿ ਧਰਮ ਉਹ ਹੀ ਜਿੰਦਾ ਰਹਿ ਸਕਦਾ ਜਹਿੜਾ ਵਰਤੋਂ ਸੀਖ ਲਾਏ, ਜਹਿੜਾ ਇਹ ਨਾ ਸਿਖਾਏ ਕਿ ਦੁਨੀਆ ਤੋਂ ਨੱਸਨਾ ਕਿਵੇਂ ਹੈ, ਬਲਕਿ ਸੀਖਾਵੇ ਕਿ ਦੁਨੀਆਂ ਵਿੱਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ। ਪ੍ਰਸਿੱਧ ਅੰਗਰੇਜ਼ ਵਿਦਵਾਨ ਮੈਕਾਲਫ ਕਹਿੰਦਾ ਹੈ- ਉਸ ਜਮਾਨੇ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਹੋਣਾ ਤੇ ਨਵਾਂ ਧਰਮ ਚਲਾਣਾ ਹੀ ਦੱਸਦਾ ਹੈ ਕਿ ਉਹ ਇੱਕ ਮਹਾਨ ਵਿਅਕਤੀ ਸਨ।

ਵਿਚਾਰ ਰੱਖਦੇ ਹੋਈਆਂ ਭੁੱਲਾਂ ਚੁੱਕਾਂ ਦੀ ਖਿਮਾ ਬਖਸ਼ਣੀ ਜੀ ਵਾਹ ਗੁਰੂ ਜੀ ਕਾ ਖਾਲਸਾ ਵਾਹ ਗੁਰੂ ਜੀ ਕੀ ਫਤਿਹ

Amarjit Singh Chandhiok Becomes First Sikh to Lead Bar Association of India

In a significant milestone for the legal community, senior advocate Amarjit Singh Chandhiok has been elected as the President of the Bar Association of India, becoming the first Sikh to hold this prestigious position.

Widely respected for his decades of legal practice, Chandhiok has served in several key roles, including Additional Solicitor General of India. His leadership, deep legal insight and commitment to justice have earned him recognition across the country.

His election marks an important moment of representation, highlighting the growing visibility of Sikh professionals in India's top institutions. Colleagues and legal experts have welcomed the development, calling it a positive step for inclusivity within the nation's legal fraternity. Chandhiok's new role is expected to bring renewed focus on legal reforms, professional ethics and strengthening the Bar as a pillar of India's justice system.

The Sikh Review Announces Updated Subscription Rates

with deposits routed through the designated Indian Bank or Axis Bank accounts. Subscribers can also opt for online payment through PayU Money or through the representatives listed on the magazine's masthead. Overseas readers have separate airmail subscription rates, starting at $60 (or £35) for one year and extending up to $820 (or £425) for a fifteen-year plan. Electronic-only plans for international subscribers also remain unchanged. The management has urged subscribers to share their payment details promptly through email or phone to ensure uninterrupted service. The Sikh Review continues to serve as a significant platform for scholarly discourse, promoting Sikh philosophy and global Sikh heritage since its establishment. ◆◆

HERITAGE

ਕੈਨੇਡਾ ਸਰਕਾਰ ਵੱਲੋਂ ਸੁਰੱਖਿਆ ਬਲਾਂ 'ਚ ਵਿਦੇਸ਼ੀਆਂ ਦੀ ਭਰਤੀ ਸ਼ੁਰੂ

ਕੈਨੇਡਾ ਸਰਕਾਰ ਵੱਲੋਂ ਇੱਥੋਂ ਦੇ ਪੱਕੇ ਰਿਹਾਇਸ਼ੀ (ਪੀਆਰ) ਵਿਦੇਸ਼ੀ ਨਾਗਰਿਕ ਮਰਦ ਅਤੇ ਔਰਤਾਂ ਨੂੰ ਸੁਰੱਖਿਆ ਬਲਾਂ ਵਿੱਚ ਭਰਤੀ ਕੀਤਾ ਜਾਣ ਲੱਗਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੇਸ਼ ਭਰ 'ਚ ਪਿਛਲੇ ਮਹੀਨਿਆਂ ਦੌਰਾਨ ਜਲ, ਥਲ ਅਤੇ ਹਵਾਈ ਸੈਨਾ ਵਿੱਚ ਕੀਤੀ ਭਰਤੀ ਵਿੱਚ ਅਜਿਹੇ ਲੋਕਾਂ ਨੂੰ ਵੀ ਭਰਤੀ ਕੀਤਾ ਗਿਆ ਹੈ, ਜੋ ਕੈਨੇਡਾ ਦੇ ਪੀਆਰ ਤਾਂ ਹੋ ਗਏ, ਪਰ ਨਾਗਰਿਕਤਾ ਪੱਖੋਂ ਵਿਦੇਸ਼ੀ ਹਨ।

ਇਸ ਤੋਂ ਲੋਕਾਂ ਦੇ ਮਨਾਂ ਵਿੱਚ ਸਵਾਲ ਉੱਠਣ ਲੱਗੇ ਹਨ ਕਿ ਕਈ ਦੇਸ਼ਾਂ ਦੇ ਅਵਾਸ ਵਿਭਾਗਾਂ, ਜਿਨ੍ਹਾਂ 'ਚ ਕੈਨੇਡਾ ਵੀ ਸ਼ਾਮਲ ਹੈ, ਵਲੋਂ ਹੋਰ ਦੇਸ਼ਾਂ ਦੇ ਸੁਰੱਖਿਆ ਬਲਾਂ ਵਿੱਚ ਕੰਮ ਕਰਦੇ ਲੋਕਾਂ ਨੂੰ ਵੀਜ਼ਾ ਦੇਣ ਮੌਕੇ ਕਈ ਵਾਰ ਇਸ ਕਰਕੇ ਨਾਂਹ ਕਰ ਦਿੱਤੀ ਜਾਂਦੀ ਹੈ ਤਾਂ ਕਿ ਉਹ ਕੈਨੇਡਾ ਦੀ ਜਸੂਸੀ ਨਾ ਕਰ ਸਕਣ। ਪਰ ਵਿਦੇਸ਼ੀਆਂ ਨੂੰ ਆਪਣੇ ਸੁਰੱਖਿਆ ਬਲਾਂ ਵਿੱਚ ਭਰਤੀ ਕਰਕੇ ਉਹ ਕੀ ਸੰਦੇਸ਼ ਦੇਣਾ ਚਾਹੁੰਦੇ ਹਨ।

ਕੁਝ ਲੋਕਾਂ ਦਾ ਮੰਨਣਾ ਹੈ ਕਿ ਕਈ ਪੁਸ਼ਤਾਂ ਤੋਂ ਕੈਨੇਡਾ ਰਹਿੰਦੇ ਲੋਕਾਂ ਵੱਲੋਂ ਸੁਰੱਖਿਆ ਬਲਾਂ ਵਿੱਚ ਭਰਤੀ ਹੋਣ ਤੋਂ ਪਾਸਾ ਵੱਟਣ ਕਾਰਨ ਸਰਕਾਰ ਨੂੰ ਸੁਰੱਖਿਆ ਬਲਾਂ ਦੀ ਘਾਟ ਨੂੰ ਪੂਰਾ ਕਰਨ ਵਾਸਤੇ ਇੰਝ ਕਰਨਾ ਪੈ ਰਿਹਾ ਹੈ। ਇਸ ਬਾਰੇ ਸਰਕਾਰ ਦਾ ਪੱਖ ਜਾਨਣ ਦੀ ਕੋਸ਼ਿਸ਼ ਕੀਤੀ ਗਈ, ਪਰ ਅਧਿਕਾਰੀਆਂ ਨੇ ਇਹ ਕਹਿੰਦਿਆਂ ਸਵਾਲ ਦਾ ਜਵਾਬ ਦੇਣ ਤੋਂ ਨਾਂਹ ਕੀਤੀ ਕਿ ਉਹ ਇਸ ਲਈ ਅਧਿਕਾਰਤ ਨਹੀਂ ਹੈ। ਰੱਖਿਆ ਮੰਤਰਾਲੇ ਨੂੰ ਭੇਜੀ ਗਈ ਈ ਮੇਲ ਦਾ ਉੱਤਰ ਨਹੀਂ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਸੁਰੱਖਿਆ ਬਲਾਂ ਵਿੱਚ ਪਿਛਲੇ ਕਈ ਸਾਲਾਂ ਤੋਂ ਬਹੁਤ ਘੱਟ ਭਰਤੀ ਕੀਤੀ ਗਈ ਹੈ, ਪਰ ਮਾਰਕ ਕਾਰਨੀ ਸਰਕਾਰ ਨੇ ਇਸ ਵਿੱਚ ਤੇਜ਼ੀ ਲਿਆਂਦੀ ਹੈ। ਭਰਤੀ ਕੇਂਦਰ ਦੇ ਇੱਕ ਸੂਤਰ ਨੇ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਜਿਨ੍ਹਾਂ ਪੀਆਰ ਵਿਅਕਤੀਆਂ ਨੂੰ ਭਰਤੀ ਕੀਤਾ ਜਾਂਦਾ ਹੈ, ਉਨ੍ਹਾਂ ਵੱਲੋਂ ਭਰਤੀ ਦੀ ਅਰਜੀ ਦਾਖਲ ਕੀਤੇ ਜਾਣ ਤੋਂ ਬਾਅਦ ਪ੍ਰਾਰਥੀ ਦੀ ਗੁਪਤ ਜਾਂਚ ਕੀਤੀ ਜਾਂਦੀ ਹੈ ਤੇ ਮਿਆਰ 'ਤੇ ਖਰੇ ਉਤਰਨ ਵਾਲਿਆਂ ਦੀ ਅਰਜੀ ਹੀ ਮਨਜੂਰ ਕਰਕੇ ਉਸ ਨੂੰ ਭਰਤੀ ਦੀ ਅਗਲੀ ਕਾਰਵਾਈ ਲਈ ਸੱਦਾ ਭੇਜਿਆ ਜਾਂਦਾ ਹੈ।

ਉਨ੍ਹਾਂ ਮੰਨਿਆ ਕਿ ਮੁਢਲੇ ਪੱਧਰ (ਸਿਪਾਹੀ) ਤੋਂ ਕਮਿਸ਼ਨਡ ਅਫਸਰਾਂ ਤੱਕ ਦੀ ਭਰਤੀ ਦੇ ਕੇਂਦਰ ਸਾਂਝੇ ਹਨ, ਜਿੱਥੋਂ ਚੁਣੇ ਹੋਏ ਉਮੀਦਵਾਰਾਂ ਨੂੰ ਐਨਰੋਲ ਕਰਕੇ ਸਿਖਲਾਈ ਕੇਂਦਰਾਂ ਵਿੱਚ ਭੇਜਿਆ ਜਾਂਦਾ ਹੈ। ਕਰੀਬ ਤਿੰਨ ਮਹੀਨੇ ਦੀ ਮੁਢਲੀ ਸਿਖਲਾਈ ਤੋਂ ਬਾਅਦ ਸਕਿੱਲਡ ਕਰਕੇ ਡਿਊਟੀ 'ਤੇ ਭੇਜਿਆ ਜਾਂਦਾ ਹੈ।

New York City Honors Guru Sahib Ji With Historic Street Co-Naming

New York City has marked a historic first by co-naming the intersection of 114th Street and 101st Avenue in Queens as Guru Tegh Bahadur Ji Way. This makes New York the first city outside India to officially honor the Ninth Sikh Guru in this manner.The initiative was brought forward by Sikh community leaders who wanted to celebrate Guru Tegh Bahadur Ji's timeless message of freedom of faith, human dignity, and justice. Known as the Protector of Faith, Guru Tegh Bahadur Ji gave his life to defend the rights of others, setting a universal example of courage and compassion. The new street name is more than a sign. It stands as a public acknowledgment of the Sikh community's contributions to New York and a tribute to a spiritual legacy that continues to inspire people around the world.

◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. Guru Tegh Bahadur Sahib teaches that fearlessness is attained by:

A. Reading scriptures daily
B. Attaching the mind to the Divine
C. Practicing physical bravery
D. Accumulating wealth

2. According to Guru Tegh Bahadur Sahib, how should a Sikh treat friends and enemies?

A. Treat friends with love and enemies with fear
B. Treat both with equal vision
C. Ignore both completely
D. Depend on both for guidance

3. Guru Tegh Bahadur Sahib emphasizes controlling the mind because:

A. Mind creates illusions and desires
B. Mind is naturally pure
C. Mind controls external events
D. Mind becomes stable with wealth

(ਦੇਖੋ ਉੱਤਰ ਪੰਨਾ 4 'ਤੇ)

ਕੈਨੇਡਾ 'ਚ ਪਹੁੰਚੇ ਹੋਏ ਵਿਦੇਸ਼ੀਆਂ ਨੂੰ ਮਿਲੇਗਾ ਪੱਕੇ ਹੋਣ ਦਾ ਮੌਕਾ

ਕੈਨੇਡਾ ਸਰਕਾਰ ਵਲੋਂ ਐਲਾਨੇ ਗਏ ਆਪਣੇ ਨਵੇਂ ਇਮੀਗਰੇਸ਼ਨ ਲੈਵਲ ਪ੍ਰੋਗਰਾਮ ਵਿਚ ਵਿਦੇਸ਼ਾਂ ਤੋਂ ਆਰਜ਼ੀ ਵੀਜ਼ਿਆਂ ਜਾਂ ਪਰਮਿਟਾਂ ਰਾਹੀਂ ਦੇਸ਼ ਵਿਚ ਪੁੱਜੇ ਹੋਏ ਵਿਦੇਸ਼ੀਆਂ ਨੂੰ ਪੱਕੇ ਹੋਣ ਦਾ ਵੱਧ ਮੌਕਾ ਮਿਲ ਸਕਦਾ ਹੈ। ਇਸ ਵਾਸਤੇ ਸਰਕਾਰ ਵਲੋਂ ਅਜੇ ਕਿਸੇ ਵੱਖਰੀ ਨੀਤੀ ਦਾ ਐਲਾਨ ਨਹੀਂ ਕੀਤਾ ਗਿਆ, ਪਰ 2026 ਤੇ 2027 ਦੌਰਾਨ ਇਸ ਬਾਰੇ ਦੋ ਵਿਸ਼ੇਸ਼ ਐਲਾਨਨਾਮੇ ਸੰਭਵ ਹਨ। ਇਮੀਗਰੇਸ਼ਨ ਮੰਤਰੀ ਲੀਨਾ ਡਿਆਬ ਨੇ ਕਿਹਾ ਹੈ ਕਿ ਵਿਦੇਸ਼ਾਂ ਤੋਂ ਨਵੇਂ ਆਉਣ ਵਾਲੇ ਲੋਕਾਂ ਦਾ ਦਾਖਲਾ ਘੱਟ ਕੀਤਾ ਜਾ ਰਿਹਾ ਹੈ। ਆਰਜ਼ੀ ਦਰਜੇ 'ਤੇ ਕੈਨੇਡਾ ਵਿਚ ਰਹਿ ਰਹੇ ਵਿਦੇਸ਼ੀਆਂ ਨੂੰ ਪੱਕੇ ਹੋਣ ਦਾ ਵੱਧ ਮੌਕਾ ਮਿਲੇਗਾ। ਇਹ ਵੀ ਕਿ ਆਪਣਾ ਪਰਮਿਟ, ਰਿਹਾਇਸ਼ ਅਤੇ ਟੈਕਸ ਭਰਨ ਦਾ ਦਰਜਾ ਬਰਕਰਾਰ ਰੱਖਣ ਵਾਲੇ ਯੋਗਤਾ ਪ੍ਰਾਪਤ (ਸਕਿਲਡ) ਵਿਦੇਸ਼ੀਆਂ ਨੂੰ ਪਰਮਾਨੈਂਟ ਰੈਜੀਡੈਂਸੀ ਮਿਲਣ ਦੀ ਸੰਭਾਵਨਾ ਹੋਵੇਗੀ। ਪਰਮਿਟ ਦੀ ਮਿਆਦ ਖਤਮ ਹੋਣ ਜਾਂ ਜੁਰਮ ਕਰਨ ਵਾਲੇ ਵਿਦੇਸ਼ੀਆਂ ਦਾ ਕੈਨੇਡਾ ਵਿਚ ਪੱਕਾ ਵਾਸਾ ਹੋਣਾ ਲਗਭਗ ਅਸੰਭਵ ਹੋਵੇਗਾ। ਐਕਸਪ੍ਰੈਸ ਐਂਟਰੀ ਸਿਸਟਮ ਰਾਹੀਂ ਫੈਡਰਲ ਹਾਈ ਸਕਿੱਲਡ ਕੈਟੇਗਰੀ ਵਿਚ 2025 ਦੌਰਾਨ 1,24,680 ਵਿਦੇਸ਼ੀਆਂ ਨੂੰ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਦੇ ਵੀਜ਼ੇ ਦਿੱਤੇ ਜਾਣ ਦਾ ਟੀਚਾ ਹੈ, ਜਦਕਿ 2026 ਵਾਸਤੇ ਇਹ ਟੀਚਾ ਘਟਾ ਕੇ 109000 ਰੱਖਿਆ ਗਿਆ ਹੈ। 2027 ਤੇ 2028 ਸਾਲਾਂ ਲਈ ਇਹ ਟੀਚਾ 111000 ਹੋਵੇਗਾ। ਕੈਨੇਡਾ ਵਿਚ ਪੁੱਜ ਕੇ ਜਾਂ ਵਿਦੇਸ਼ਾਂ ਵਿਚ ਰਹਿੰਦੇ ਹੋਏ ਲੋਕਾਂ ਵਲੋਂ ਆਪਣੀ ਯੋਗਤਾ ਦੇ ਅਧਾਰ 'ਤੇ ਪ੍ਰੋਫਾਈਲ ਬਣਾ ਕੇ ਪੱਕੀ ਇਮੀਗਰੇਸ਼ਨ ਲੈਣ ਦਾ ਰੁਝਾਨ ਬੀਤੇ ਸਾਲਾਂ ਦੌਰਾਨ ਪ੍ਰਚਲਿਤ ਹੋਇਆ ਹੈ। ਕੈਨੇਡਾ ਦੀਆਂ ਹੋਰ ਇਮੀਗਰੇਸ਼ਨ ਕੈਟੇਗਰੀਆਂ ਦੇ ਮੁਕਾਬਲੇ ਫੈਡਰਲ ਸਕਿੱਲਡ ਇਮੀਗਰੇਸ਼ਨ ਦੀ ਗਿਣਤੀ

ਸਭ ਤੋਂ ਵੱਧ (64 ਫੀਸਦ) ਹੈ। ਇਸੇ ਤਰ੍ਹਾਂ ਕੈਨੇਡੀਅਨ ਐਕਸਪੀਰੀਐਂਸ ਕਲਾਸ ਵਿਚ ਵਿਦੇਸ਼ੀ ਨਾਗਰਿਕਾਂ ਦਾ ਐਕਸਪ੍ਰੈਸ ਐਂਟਰੀ ਸਿਸਟਮ ਬਹੁਤ ਚਹੇਤਾ ਹੈ ਅਤੇ ਭਵਿੱਖ ਵਿਚ ਇਸੇ ਸਿਸਟਮ ਦੇ ਡਰਾਅ ਰਾਹੀਂ ਟੈਂਪਰੇਰੀ ਸਟੇਟਸ ਵਾਲੇ ਲੋਕਾਂ ਨੂੰ ਪੱਕੀ ਇਮੀਗਰੇਸ਼ਨ ਮਿਲਣ ਦੀ ਸੰਭਾਵਨਾ ਬਣਦੀ ਰਹੇਗੀ। ਕੈਨੇਡਾ ਦੀ ਮੌਜੂਦਾ ਨੀਤੀ ਅਨੁਸਾਰ 2026 ਵਿਚ ਐਕਸਪ੍ਰੈਸ ਐਂਟਰੀ ਵਿਚੋਂ ਕੈਨੇਡੀਅਨ ਐਕਸਪੀਰੀਐਂਸ ਕਲਾਸ ਦੇ ਵੱਧ ਡਰਾਅ ਕੱਢੇ ਜਾਣਗੇ। ਪਰ ਅਜਿਹੇ ਡਰਾਅ ਦਾ ਫਾਇਦਾ ਉਨ੍ਹਾਂ ਲੋਕਾਂ (ਵਿਦੇਸ਼ੀਆਂ) ਨੂੰ ਹੀ ਮਿਲ ਸਕੇਗਾ, ਜਿਨ੍ਹਾਂ ਦੇ ਕੈਨੇਡਾ ਵਿਚ ਆਰਜ਼ੀ ਪਰਮਿਟ ਅਤੇ ਠਾਹਰ ਵੈਲਿਡ ਹੋਣਗੇ ਤੇ ਉਹਨਾਂ ਖਿਲਾਫ ਕੋਈ ਪੁਲਿਸ ਦਾ ਕੇਸ ਨਹੀਂ ਬਣਿਆ ਹੋਵੇਗਾ। 2026 ਅਤੇ 2027 ਦੌਰਾਨ 33000 ਵਿਦੇਸ਼ੀ ਕਾਮਿਆਂ ਨੂੰ ਪੱਕੇ ਹੋਣ ਦਾ ਮੌਕਾ ਦੇਣ ਦਾ ਐਲਾਨ ਵੀ ਕੈਨੇਡਾ ਸਰਕਾਰ ਨੇ ਕੀਤਾ ਹੋਇਆ ਹੈ। ਇਸ ਵਿਚ ਉਹ ਕਾਮੇ ਸ਼ਾਮਲ ਹੋਣਗੇ ਜਿਨ੍ਹਾਂ ਦੀ ਕੈਨੇਡਾ ਦੀ ਰੋਜ਼ਗਾਰ ਅਤੇ ਕਾਰੋਬਾਰ ਮੰਡੀ ਵਿਚ ਵੱਧ ਮੰਗ ਹੈ। ਇਸੇ ਤਰ੍ਹਾਂ ਕੈਨੇਡਾ ਵਿਚ ਪੱਕੇ ਹੋਣ ਲਈ ਪ੍ਰੋਵਿੰਸ਼ੀਅਲ ਨਾਮੀਨੀ ਪ੍ਰੋਗਰਾਮ (ਪੀਐਨਪੀ) ਵੀ ਇਕ ਸਾਧਨ ਹੈ, ਜਿਸ ਵਿਚ ਵਰਕ ਪਰਮਿਟ ਅਤੇ ਸਟੱਡੀ ਪਰਮਿਟ ਧਾਰਕਾਂ ਨੂੰ ਪੱਕੀ ਇਮੀਗਰੇਸ਼ਨ ਮਿਲਣ ਦੀ ਸੰਭਾਵਨਾ ਵੱਧ ਹੁੰਦੀ ਹੈ। 2025 ਦਾ ਪੀਐਨਪੀ ਕੋਟਾ 55000 ਸੀ ਤੇ 2026 ਵਾਸਤੇ ਇਸ ਨੂੰ (66 ਫੀਸਦ) ਵਧਾ ਕੇ 91500 ਕਰ ਦਿੱਤਾ ਗਿਆ ਹੈ। 2027 ਅਤੇ 2028 ਵਾਸਤੇ ਪੀਐਨਪੀ ਦਾ ਕੋਟਾ ਵਧ ਕੇ 92500 ਹੋ ਜਾਵੇਗਾ। ਅਗਲੇ ਦੋ ਕੁ ਸਾਲਾਂ ਵਿਚ ਕੈਨੇਡਾ ਸਰਕਾਰ ਦਾ ਇਮੀਗਰੇਸ਼ਨ ਐਂਡ ਰਫਿਊਜ਼ੀ ਬੋਰਡ ਦੀ ਵਿਵਸਥਾ ਰਾਹੀਂ 115000 ਸ਼ਰਨਾਰਥੀਆਂ ਨੂੰ ਵੀ ਪੱਕੀ ਇਮੀਗਰੇਸ਼ਨ ਦੇਣ ਦਾ ਪ੍ਰੋਗਰਾਮ ਹੈ।

SIKH MATRIMONIALS

Suitable match for M- 91-5-7" Gursikh Khatri boy,well qualified and working in London (Facebook) V High Package +91 8860484847

Sikh boy required for UK based girl, 26 years, 5 feet 3 inches, working as Psychologist in UK hospital, Masters in clinical Psychology. On work permit, contact 9971863565.

Suitable match required for Sikh Boy | DOB 26.1.1996. Aeronautical engineer working in reputed airline in Canada. 5 feet 8 inches. Annual income 100,000 CAD. Own house, Canada PR. +919971863565 (India)

Gursikh Boy 26/5'6"/ Electro Mechanical Engineering from Algonquin College, Ottawa working with Alstom Transport/ 75000 CAD. PR/ Elder brother married settled in Canada/ Father Govt Contractor MES +91 9911101350

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. B 3. A

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)

email: canadasikhtimes@gmail.com, M: +1 437 673 7555